BRAMPTON Flower City
brampton.ca

media release

11 ਅਪ੍ਰੈਲ, 2018

# ਕੀ ਤੁਸੀਂ ਮਿਊਨਿਸਿਪਲ ਚੋਣਾਂ ਲਈ ਵੋਟ ਪਾਉਣ ਲਈ ਸੂਚੀ ਵਿੱਚ ਹੋ?

ਬ੍ਰੈਂਪਟਨ, ਓਨਟੈਰੀਓ – ਅਕਤੂਬਰ 2018 ਵਿੱਚ ਹੋਣ ਵਾਲੀਆਂ ਮਿਊਨਿਸਿਪਲ ਚੋਣਾਂ ਵਿੱਚ ਭਾਵੇਂ ਛੇ ਮਹੀਨਿਆਂ ਤੋਂ ਵੱਧ ਦਾ ਸਮਾਂ ਹੈ, ਪਰੰਤੂ ਹੁਣ ਇਹ ਦੇਖਣ ਵਿੱਚ ਕਿ ਤੁਸੀਂ ਮਤਦਾਤਾਵਾਂ ਦੀ ਮੁੱਢਲੀ ਸੂਚੀ ਵਿੱਚ ਹੋ ਜਾਂ ਨਹੀਂ, ਕੁਝ ਸਮਾਂ ਲਗਾਉਣ ਨਾਲ ਇਹ ਵੋਟ ਪਾਉਣ ਵੇਲੇ ਜਾਣ ਨੂੰ ਅਸਾਨ ਬਣਾਵੇਗਾ। ਸਿਟੀ ਆਫ ਬ੍ਰੈਂਪਟਨ (City of Brampton) ਸਾਰੇ ਯੋਗ ਬ੍ਰੈਂਪਟਨ ਦੇ ਵੋਟਰਾਂ ਨੂੰ ਇਹ ਦੇਖਣ ਲਈ www.voterlookup.ca ‘ਤੇ ਜਾਣ ਲਈ ਉਤਸ਼ਾਹਿਤ ਕਰਦੀ ਹੈ ਕਿ ਉਹਨਾਂ ਨੂੰ ਮਤਦਾਤਾਵਾਂ ਦੀ ਮੁੱਢਲੀ ਸੂਚੀ (Preliminary List of Electors) ਵਿੱਚ ਸ਼ਾਮਲ ਕੀਤਾ ਗਿਆ ਹੈ ਜਾਂ ਨਹੀਂ ਅਤੇ ਇਹ ਕਿ ਉਹਨਾਂ ਦੀ ਜਾਣਕਾਰੀ ਸਹੀ ਹੈ।

ਮਿਊਨਿਸਿਪਲ ਪ੍ਰਾਪਰਟੀ ਅਸੈਸਮੈਂਟ ਕਾਰਪੋਰੇਸ਼ਨ (Municipal Property Assessment Corporation) (ਐਮ.ਪੀ.ਏ.ਸੀ.) (MPAC) ਮਤਦਾਤਾਵਾਂ ਦੀ ਮੁੱਢਲੀ ਸੂਚੀ ਸੰਭਾਲਦੀ ਹੈ, ਜਿਸਦੀ ਵਰਤੋਂ ਮਿਊਨਿਸਿਪਲ ਅਤੇ ਸਕੂਲ ਬੋਰਡ ਚੋਣਾਂ ਲਈ ਵੋਟਰ ਸੂਚੀ (Voters’ List) ਤਿਆਰ ਕਰਨ ਲਈ ਕੀਤੀ ਜਾਂਦੀ ਹੈ। Voterlookup.ca ਐਮ.ਪੀ.ਏ.ਸੀ. ਵੱਲੋਂ ਇੱਕ ਔਨਲਾਈਨ ਸੇਵਾ ਹੈ। ਇਹ ਮਤਦਾਤਾਵਾਂ ਲਈ ਇਸ ਗੱਲ ਦੀ ਪੁਸ਼ਟੀ ਕਰਨ ਦਾ ਇੱਕ ਆਸਾਨ ਅਤੇ ਪ੍ਰਭਾਵਸ਼ਾਲੀ ਤਰੀਕਾ ਹੈ ਕਿ ਉਹ ਆਉਣ ਵਾਲੀਆਂ ਮਿਊਨਿਸਿਪਲ ਅਤੇ ਸਕੂਲ ਬੋਰਡ ਚੋਣਾਂ ਵਿੱਚ ਵੋਟ ਪਾਉਣ ਲਈ ਸੂਚੀ ਵਿੱਚ ਹਨ, ਅਤੇ ਉਹਨਾਂ ਦੀ ਸਾਰੀ ਜਾਣਕਾਰੀ ਸਹੀ ਹੈ।

**ਸੁਰਖੀਆਂ:**

- ਇੱਕ ਯੋਗ ਵੋਟਰ ਉਹ ਵਿਅਕਤੀ ਹੁੰਦਾ ਹੈ, ਜਿਸਦੀ ਉਮਰ ਘੱਟੋ-ਘੱਟ 18 ਸਾਲ ਹੋਵੇ, ਉਹ ਕੈਨੇਡਿਅਨ ਨਾਗਰਿਕ ਹੋਵੇ, ਬ੍ਰੈਂਪਟਨ ਦਾ ਨਿਵਾਸੀ ਹੋਵੇ, ਜਾਂ ਬ੍ਰੈਂਪਟਨ ਵਿੱਚ ਕਿਸੇ ਪ੍ਰਾਪਰਟੀ ਦਾ ਮਾਲਕ ਜਾਂ ਕਿਰਾਏਦਾਰ ਹੋਵੇ ਜਾਂ ਉਸ ਮਾਲਕ ਜਾਂ ਕਿਰਾਏਦਾਰ ਦਾ ਜੀਵਨਸਾਥੀ ਹੋਵੇ
- ਇਹ ਪੁਸ਼ਟੀ ਕਰਨ ਲਈ ਕਿ ਆਉਣ ਵਾਲੀਆਂ ਮਿਊਨਿਸਿਪਲ ਚੋਣਾਂ ਲਈ ਰਿਕਾਰਡ ਕੀਤੀ ਗਈ ਤੁਹਾਡੀ ਜਾਣਕਾਰੀ ਸਹੀ ਹੈ, voterlookup.ca ‘ਤੇ ਜਾਓ, ਅਤੇ ਆਪਣੀ ਮਿਊਨਿਸਿਪਲਿਟੀ, ਪੂਰਾ ਨਾਮ, ਜਨਮ ਮਿਤੀ, ਅਤੇ ਆਪਣੀ ਪ੍ਰਾਪਰਟੀ ਦਾ ਪਤਾ ਜਾਂ ਮੁਲਾਂਕਣ ਰੋਲ ਨੰਬਰ ਦਾਖ਼ਲ ਕਰੋ
- ਭਾਵੇਂ ਤੁਸੀਂ ਪਿਛਲੀਆਂ ਮਿਊਨਿਸਿਪਲ ਚੋਣਾਂ ਵਿੱਚ ਵੋਟਰ ਸੂਚੀ ਵਿੱਚ ਸੀ, ਫਿਰ ਵੀ ਹੁਣ ਇਹ ਤਸਦੀਕ ਕਰਨ ਲਈ ਸੂਚੀ ਦੇਖੋ ਕਿ ਤੁਹਾਡੇ ਵੇਰਵੇ ਸਹੀ ਹਨ
- ਕੀ ਤੁਸੀਂ ਪਿਛਲੇ ਕੁਝ ਸਾਲਾਂ ਵਿੱਚ ਹੀ 18 ਸਾਲਾਂ ਦੇ ਹੋਏ ਹੋ? ਕੀ ਤੁਸੀਂ ਹੁਣੇ ਜਿਹੇ ਹੀ ਬ੍ਰੈਂਪਟਨ ਵਿੱਚ ਆਏ ਹੋ ਜਾਂ ਸ਼ਹਿਰ ਦੇ ਅੰਦਰ ਕਿਸੇ ਨਵੇਂ ਪਤੇ ‘ਤੇ ਚਲੇ ਗਏ ਹੋ? ਕੀ ਤੁਸੀਂ ਇੱਕ ਨਵੇਂ ਕੈਨੇਡਿਅਨ ਨਾਗਰਿਕ ਹੋ? ਆਪਣੀ ਜਾਣਕਾਰੀ voterlookup.ca ‘ਤੇ ਅੱਪਡੇਟ ਕਰੋ
- ਹੋਰ ਜਾਣਕਾਰੀ ਲਈ, voterlookup.ca ‘ਤੇ ਜਾਓ ਜਾਂ ਐਮ.ਪੀ.ਏ.ਸੀ. ਨੂੰ 1-866-296-6722 ਜਾਂ TTY 1-877-889-6722 ‘ਤੇ ਸੰਪਰਕ ਕਰੋ

**ਹਵਾਲਾ:**

“ਐਮ.ਪੀ.ਏ.ਸੀ. ਦੀ voterlookup.ca 2018 ਦੀਆਂ ਮਿਊਨਿਸਿਪਲ ਚੋਣਾਂ ਲਈ ਵੋਟਰ ਸੂਚੀ ਦੀ ਤਿਆਰੀ ਵਿੱਚ ਇੱਕ ਮਹੱਤਵਪੂਰਨ ਪਹਿਲਾ ਕਦਮ ਹੈ। ਯੋਗ ਵੋਟਰ ਇਹ ਯਕੀਨੀ ਬਣਾਉਣ ਵਿੱਚ ਮਦਦ ਕਰ ਸਕਦੇ ਹਨ ਕਿ ਸੂਚੀ ਵਿੱਚ ਉਹਨਾਂ ਦੀ ਜਾਣਕਾਰੀ ਅੱਪ-ਟੂ-ਡੇਟ ਅਤੇ ਸਹੀ ਹੈ – ਇਸ ਨਾਲ ਵੋਟਿੰਗ ਡੇ (Voting Day) ਨੂੰ ਵੋਟਿੰਗ ਸਥਾਨ ‘ਤੇ ਸਮਾਂ ਬਚਾਉਣ ਵਿੱਚ ਮਦਦ ਮਿਲੇਗੀ।”

- *ਪੀਟਰ ਫੇ (Peter Fay), ਸਿਟੀ ਕਲਰਕ ਅਤੇ ਰਿਟਰਨਿੰਗ ਅਫ਼ਸਰ*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca